# ਸ਼ਾਪਿੰਗ ਬੈਗਾਂ ਬਾਰੇ ਉਪਨਿਯਮ - 1 ਜਨਵਰੀ 2022
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

**ਮੈਨੂੰ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਕਿੱਥੇ ਮਿਲ ਸਕਦੇ ਹਨ?**

ਸ਼ਾਪਿੰਗ ਬੈਗਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧਾਂ ਦੀ ਇੱਕ ਲੜੀ ਹਨ। ਉਪਨਿਯਮਾਂ ਵਿੱਚ ਇਹ ਸੋਧਾਂvancouver.ca/bags 'ਤੇ ਉਪਲਬਧ ਹਨ ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਉਪਨਿਯਮ ਨੰਬਰ 12624 (ਸ਼ਾਪਿੰਗ ਬੈਗਾਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ 4450 ਵਿੱਚ ਸੋਧ ਕਰਦਾ ਹੈ)
- ਉਪਨਿਯਮ ਨੰਬਰ 12843 (ਸ਼ਾਪਿੰਗ ਬੈਗਾਂ ਲਈ ਲੋੜਾਂ ਦੀ ਪ੍ਰਭਾਵੀ ਤਾਰੀਖ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ 4450 ਵਿੱਚ ਸੋਧ ਕਰਦਾ ਹੈ)
- ਉਪਨਿਯਮ ਨੰਬਰ 12866 (ਸ਼ਾਪਿੰਗ ਬੈਗ ਫ਼ੀਸ ਵਿੱਚ ਵਾਧਿਆਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ 4450 ਵਿੱਚ ਸੋਧ ਕਰਦਾ ਹੈ)

ਏਕੀਕ੍ਰਿਤ ਲਾਇਸੈਂਸ ਉਪਨਿਯਮ ਨੰਬਰ 4450 ਇਸ ਵੈੱਬਸਾਈਟ 'ਤੇ ਉਪਲਬਧ ਹੈ **vancouver.ca/your-government/licence-bylaw**

**ਸ਼ਾਪਿੰਗ ਬੈਗਾਂ ਨੂੰ ਨਿਯੰਤ੍ਰਿਤ ਕਿਉਂ ਕੀਤਾ ਜਾਵੇ?**

ਜਦੋਂ ਅਸੀਂ 2040 ਤੱਕ ਜ਼ੀਰੋ ਵੇਸਟ ਕਮਿਉਨਿਟੀ ਬਣਨ ਵੱਲ ਕੰਮ ਕਰ ਰਹੇ ਹਾਂ, ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਉਹਨਾਂ ਕਾਰਵਾਈਆਂ ਦਾ ਹਿੱਸਾ ਹੈ ਜੋ ਸਿਟੀ ਦੁਆਰਾ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਕਚਰੇ ਨੂੰ ਘਟਾਉਣ ਲਈ ਕੀਤੀਆਂ ਜਾ ਰਹੀਆਂ ਹਨ। 2018 ਵਿੱਚ, ਵੈਨਕੂਵਰ ਵਿੱਚ ਲਗਭਗ 89 ਮਿਲੀਅਨ ਪਲਾਸਟਿਕ ਦੇ ਸ਼ਾਪਿੰਗ ਬੈਗ ਅਤੇ 4 ਮਿਲੀਅਨ ਕਾਗਜ਼ੀ ਸ਼ਾਪਿੰਗ ਬੈਗ ਕੂੜੇਦਾਨ ਵਿੱਚ ਸੁੱਟੇ ਗਏ ਸਨ। ਇਸ ਦੇ ਬਾਵਜੂਦ ਕਿ ਵਸਨੀਕਾਂ ਲਈ ਪਲਾਸਟਿਕ ਸ਼ਾਪਿੰਗ ਬੈਗਾਂ ਦੀ ਮੁੜ ਵਰਤੋਂ ਕਰਨਾ ਕਿੰਨਾ ਆਸਾਨ ਹੈ (66% ਨੂੰ ਕੂੜਾ ਕਰਕਟ ਬੈਗਾਂ ਵਜੋਂ ਦੁਬਾਰਾ ਵਰਤਿਆ ਜਾਂਦਾ ਹੈ), ਫਿਰ ਵੀ 2018 ਵਿੱਚ 30 ਮਿਲੀਅਨ ਖਾਲੀ ਪਲਾਸਟਿਕ ਸ਼ਾਪਿੰਗ ਬੈਗ ਕੂੜੇਦਾਨ ਵਿੱਚ ਸੁੱਟੇ ਗਏ ਸਨ।

ਇਨ੍ਹਾਂ ਅੰਕੜਿਆਂ ਵਿੱਚ ਉਹ ਬੈਗ ਸ਼ਾਮਲ ਨਹੀਂ ਹਨ ਜੋ ਰੀਸਾਈਕਲ ਕੀਤੇ ਜਾਂ ਖਾਦ ਵਿੱਚ ਬਦਲੇ ਜਾਂਦੇ ਹਨ, ਜਾਂ ਕੁਦਰਤੀ ਵਾਤਾਵਰਣ ਵਿੱਚ ਖਿੰਡੇ ਹੋਏ ਹਨ। ਗ੍ਰੇਟ ਕੈਨੇਡੀਅਨ ਸ਼ੋਅਰਲਾਈਨ ਕਲੀਨਅੱਪ (Great Canadian Shoreline Cleanup)ਦੇ ਅਨੁਸਾਰ 2019 ਵਿੱਚ ਪਲਾਸਟਿਕ ਬੈਗ ਕਨੇਡਾ ਦੇ ਸਮੁੰਦਰੀ ਕੰਢਿਆਂ 'ਤੇ ਪਾਇਆ ਗਿਆ ਛੇਵਾਂ ਸਭ ਤੋਂ ਆਮ ਕੂੜਾ ਸੀ।

ਜਿਸ ਵੇਲੇ ਅਸੀਂ ਕੋਵਿਡ-19 ਦੌਰਾਨ ਸਿੰਗਲ-ਯੂਜ਼ ਚੀਜ਼ਾਂ ਤੋਂ ਕਚਰੇ ਨੂੰ ਘਟਾਉਣ ਲਈ ਕਦਮ ਚੁੱਕ ਰਹੇ ਹਾਂ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਸਾਡੇ ਸਾਰੇ ਉਪਨਿਯਮ ਪਬਲਿਕ ਹੈਲਥ ਦੀਆਂ ਨਵੀਨਤਮ ਸੇਧਾਂ ਦੇ ਅਨੁਕੂਲ ਹੋਣ ਅਤੇ ਵਸਨੀਕਾਂ, ਕਾਰੋਬਾਰਾਂ ਅਤੇ ਉਹਨਾਂ ਦੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ।

ਕੋਵਿਡ-19 ਸਿਹਤ ਸੰਬੰਧੀ ਤਾਜ਼ਾ ਲੋੜਾਂ ਅਤੇ ਸਰੋਤਾਂ ਲਈ ਅਤੇ ਸ੍ਰੋਤ ਇਹਨਾਂ ਵੈਬਸਾਈਟਾਂ, ਕਿਰਪਾ ਕਰਕੇ ਦੇਖੋ:

- ਆਦੇਸ਼ਾਂ, ਨੋਟਿਸਾਂ ਅਤੇ ਮਾਰਗਦਰਸ਼ਨ ਲਈ ਸੂਬਾਈ ਸਿਹਤ ਅਫਸਰ (Provincial Health Officer' ਦਾ ਵੈੱਬ ਪੇਜ।
- ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (British Columbia Centre for Disease Control) (BCCDC), ਜਿਸ ਵਿੱਚ ਭੋਜਨ ਦੇ ਕਾਰੋਬਾਰ ਬਾਰੇ ਵੈੱਬ ਪੇਜ ਵੀ ਸ਼ਾਮਲ ਹੈ।
- ਵੈਨਕੂਵਰ ਕੋਸਟਲ ਹੈਲਥ ਦਾ ਵਾਤਾਵਰਣ ਸੰਬੰਧੀ ਸਿਹਤ ਅਤੇ ਜਾਂਚ-ਪੜਤਾਲਾਂ ਬਾਰੇ ਵੈੱਬ ਪੰਨਾ।
- ਵਰਕ ਸੇਫ ਬੀਸੀ।

ਪ੍ਰਕਾਸ਼ਿਤ: ਜੁਲਾਈ 2021

**ਜੈਵਿਕ ਬਾਲਣ ਉਤਪਾਦਾਂ ਤੋਂ ਬਣੇ ਪਲਾਸਟਿਕ ਬੈਗਾਂ ਤੋਂ ਇਲਾਵਾ, ਪਲਾਸਟਿਕ ਦੇ ਸ਼ਾਪਿੰਗ ਬੈਗਾਂ ਉੱਤੇ ਪਾਬੰਦੀ ਪਲਾਸਟਿਕ ਲੇਬਲ ਵਾਲੇ ਜਾਂ ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ ਤੋਂ ਬਣੇ ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ, ਬਾਇਓਪਲਾਸਟਿਕ ਅਤੇ ਪਲਾਸਟਿਕ ਦੇ ਤੌਰ 'ਤੇ ਵਰਣਨ ਕੀਤੇ ਸ਼ਾਪਿੰਗ ਬੈਗਾਂ 'ਤੇ ਕਿਉਂ ਲਾਗੂ ਹੁੰਦੀ ਹੈ?**

ਪਲਾਸਟਿਕ ਜਿਸ ਨੂੰ ਖਾਦ ਵਿੱਚ ਬਦਲਣ ਯੋਗ, ਨਸ਼ਟ ਹੋਣ ਯੋਗ (ਬਾਇਓਡਿਗ੍ਰੇਡੇਬਲ, ਆਕਸੋਡਿਗ੍ਰੇਡੇਬਲ, ਫੋਟੋਡਿਗ੍ਰੇਡੇਬਲ, ਆਦਿ), ਦੇ ਤੌਰ 'ਤੇ ਲੇਬਲ ਜਾਂ ਵਰਣਨ ਕੀਤਾ ਜਾਂਦਾ ਹੈ, ਬਾਇਓਪਲਾਸਟਿਕ ਅਤੇ ਪੌਦਿਆਂ ਜਾਂ ਹੋਰ ਜੈਵਿਕ ਪਦਾਰਥਾਂ ਤੋਂ ਬਣਿਆ ਪਲਾਸਟਿਕ:

- ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ
- ਮੌਜੂਦਾ ਖਾਦ ਵਿੱਚ ਬਦਲਣ ਯੋਗ ਅਤੇ ਰੀਸਾਈਕਲਿੰਗ ਸਟ੍ਰੀਮਾਂ ਨੂੰ ਦੂਸ਼ਿਤ ਕਰਦਾ ਹੈ
- ਸੂਬਾਈ ਵਿਨਿਯਮਾਂ ਦੇ ਅਧੀਨ ਖਾਦ ਬਣਾਏ ਜਾਣ ਲਈ ਪ੍ਰਵਾਨਿਤ ਨਹੀਂ ਹੈ
- ਇਹ ਕੁਦਰਤੀ ਵਾਤਾਵਰਣ ਵਿੱਚ ਸੁੱਟ ਦਿੱਤੇ ਜਾਣ 'ਤੇ ਬਾਇਓਡਿਗ੍ਰੇਡ ਹੋਣ ਲਈ ਤਿਆਰ ਨਹੀਂ ਕੀਤਾ ਗਿਆ ਹੈ

ਪਲਾਸਟਿਕ ਜਿਸਨੂੰ ਖਾਦ ਵਿੱਚ ਬਦਲਣ ਯੋਗ ਜਾਂ ਨਸ਼ਟ ਹੋਣ ਯੋਗ ਵਜੋਂ ਲੇਬਲ ਜਾਂ ਵਰਣਿਤ ਕੀਤਾ ਜਾਂਦਾ ਹੈ ਉਸ ਨੂੰ ਵੀ ਰੀਸਾਈਕਲ ਬੀਸੀ ਦੇ ਰਿਹਾਇਸ਼ੀ ਰੀਸਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ ਹੈ।

ਪ੍ਰਦੂਸ਼ਕਾਂ ਦੇ ਤੌਰ 'ਤੇ, ਇਸ ਕਿਸਮ ਦੇ ਪਲਾਸਟਿਕਾਂ ਨੂੰ ਸਥਾਨਕ ਕੰਪੋਸਟਿੰਗ ਸਟ੍ਰੀਮਾਂ ਤੋਂ ਹਟਾਏ ਜਾਣ ਅਤੇ ਫਿਰ ਲੈਂਡਫਿਲ ਜਾਂ ਇਨਸਿਨੇਰੇਟਰ ਵਿੱਚ ਸੁੱਟੇ ਜਾਣ ਦੀ ਸਭ ਤੋਂ ਵੱਧ ਸੰਭਾਵਨਾ ਹੁੰਦੀ ਹੈ।

**ਪੇਪਰ ਸ਼ਾਪਿੰਗ ਬੈਗਾਂ ਲਈ 2022 ਵਿੱਚ $0.15 ਅਤੇ 2023 ਵਿੱਚ $0.25, ਅਤੇ ਨਵੇਂ ਦੁਬਾਰਾ ਵਰਤੋਂ ਯੋਗ ਸ਼ਾਪਿੰਗ ਬੈਗਾਂ ਲਈ 2022 ਵਿੱਚ $1 ਅਤੇ 2023 ਵਿੱਚ $2 ਦੀ ਘੱਟੋ-ਘੱਟ ਫ਼ੀਸ ਕਿਉਂ ਨਿਰਧਾਰਤ ਕੀਤੀ ਗਈ ਹੈ?**

ਫ਼ੀਸਾਂ ਬੀਸੀ ਦੇ ਦੂਜੇ ਸ਼ਹਿਰਾਂ ਨਾਲ ਮੇਲ ਖਾਂਦੀਆਂ ਹਨ ਜਿਨ੍ਹਾਂ ਨੇ ਸ਼ਾਪਿੰਗ ਬੈਗਾਂ ਬਾਰੇ ਨਿਯਮ ਬਣਾਏ ਹਨ, ਅਤੇ ਇੰਨੀਆਂ ਜ਼ਿਆਦਾ ਹਨ ਕਿ ਗਾਹਕਾਂ ਨੂੰ ਉਹਨਾਂ ਦੇ ਆਪਣੇ ਮੁੜ ਵਰਤੋਂ ਯੋਗ ਬੈਗ ਲਿਆਉਣ ਲਈ ਇੱਕ ਪ੍ਰੋਤਸਾਹਨ ਮਿਲੇ। ਫ਼ੀਸ ਦੀ ਅਨੁਸੂਚੀ ਕਾਰੋਬਾਰਾਂ ਅਤੇ ਗਾਹਕਾਂ ਨੂੰ ਵਿਵਸਥਾਵਾਂ ਕਰਨ ਲਈ ਸਮਾਂ ਦਿੰਦੀ ਹੈ। ਆਪਣੇ ਗਾਹਕਾਂ ਨੂੰ ਆਪਣਾ ਬੈਗ ਲਿਆਉਣ ਲਈ ਉਤਸ਼ਾਹਿਤ ਕਰਕੇ ਜਾਂ "take-a-bag, leave-a-bag" (ਇੱਕ ਬੈਗ ਲਿਜਾਓ, ਇੱਕ ਬੈਗ ਛੱਡੋ) ਸ਼ਾਪਿੰਗ ਬੈਗ ਸ਼ੇਅਰਿੰਗ ਪ੍ਰੋਗਰਾਮ ਪੇਸ਼ ਕਰਕੇ ਫ਼ੀਸਾਂ ਤੋਂ ਬਚਣ ਵਿੱਚ ਉਹਨਾਂ ਦੀ ਸਹਾਇਤਾ ਕਰੋ।

**ਕੀ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਫ਼ੀਸਾਂ GST ਅਤੇ PST ਦੇ ਅਧੀਨ ਹਨ?**

ਹਾਂ।

**ਕੀ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਘੱਟੋ-ਘੱਟ ਫ਼ੀਸਾਂ ਗਾਹਕਾਂ ਨੂੰ ਦੱਸੀਆਂ ਜਾਣੀਆਂ ਹਨ?**

ਹਾਂ। ਫ਼ੀਸਾਂ ਦੀ ਰਕਮ ਗਾਹਕਾਂ ਨੂੰ ਦਿੱਤੀਆਂ ਜਾਂਦੀਆਂ ਕਿਸੇ ਵੀ ਰਸੀਦਾਂ 'ਤੇ "PAPER BAGS"ਅਤੇ "REUSABLE BAGS"ਵਰਗੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਇੱਕ ਵੱਖਰੀ ਲਾਈਨ ਆਈਟਮ ਦੇ ਰੂਪ ਵਿੱਚ ਦਿਖਾਈ ਜਾਣੀ ਚਾਹੀਦੀ ਹੈ।

**ਕੀ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਘੱਟੋ-ਘੱਟ ਫ਼ੀਸ ਉਹਨਾਂ ਬੈਗਾਂ 'ਤੇ ਲਾਗੂ ਹੁੰਦੀ ਹੈ ਜੋ ਗਾਹਕ ਕੋਲ ਪਹਿਲਾਂ ਤੋਂ ਹੀ ਹਨ ਅਤੇ ਉਹ ਸਟੋਰ 'ਤੇ ਲਿਆਉਂਦੇ ਹਨ?**

ਨਹੀਂ। ਫ਼ੀਸਾਂ ਸਿਰਫ ਗਾਹਕਾਂ ਨੂੰ ਵੇਚੇ ਗਏ ਨਵੇਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਲਾਗੂ ਹੁੰਦੀਆਂ ਹਨ।

**ਕੀ ਮੈਂ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਘੱਟੋ-ਘੱਟ ਫ਼ੀਸ ਤੋਂ ਵੱਧ ਖਰਚਾ ਲੈ ਸਕਦਾ ਹਾਂ?**

ਹਾਂ। ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਆਪਣੇ ਕਾਰੋਬਾਰੀ ਅਭਿਆਸਾਂ ਦੇ ਹਿੱਸੇ ਵਜੋਂ ਘੱਟੋ-ਘੱਟ ਫ਼ੀਸਾਂ ਤੋਂ ਵੱਧ ਵਸੂਲ ਕਰਨ ਦੀ ਚੋਣ ਕਰ ਸਕਦੇ ਹਨ।

**ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਤੋਂ ਫ਼ੀਸ ਕੌਣ ਰੱਖਦਾ ਹੈ? ਕੀ ਸ਼ਾਪਿੰਗ ਬੈਗਾਂ ਤੋਂ ਆਮਦਨੀ ਸਿਟੀ ਨੂੰ ਦਿੱਤੀ ਜਾਂਦੀ ਹੈ?**

ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਉਹਨਾਂ ਦੁਆਰਾ ਵੰਡੇ ਗਏ ਬੈਗਾਂ ਤੋਂ ਫ਼ੀਸ ਨੂੰ ਆਪਣੇ ਕੋਲ ਰੱਖਦੇ ਹਨ। ਬੈਗ ਫ਼ੀਸਾਂ ਤੋਂ ਹੋਣ ਵਾਲੀ ਆਮਦਨੀ ਸਿਟੀ ਨੂੰ ਨਹੀਂ ਦਿੱਤੀ ਜਾਂਦੀ ਹੈ।

**ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਉਹ ਫ਼ੀਸ ਜੋ ਉਹ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਇਕੱਤਰ ਕਰਦੇ ਹਨ, ਨਾਲ ਕੀ ਕਰਨਾ ਚਾਹੀਦਾ ਹੈ?**

ਸੰਗਠਨਾਂ ਨੂੰ ਫ਼ੀਸਾਂ ਦੀ ਵਰਤੋਂ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਦੀ ਪਾਲਣਾ ਦੀ ਲਾਗਤ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਵੇਂ ਕਿ ਸਾਫ਼ਟਵੇਅਰ ਅੱਪਡੇਟ, ਸਟਾਫ਼ ਦੀ ਸਿਖਲਾਈ ਆਦਿ। ਕਾਰੋਬਾਰ ਫ਼ੀਸਾਂ ਤੋਂ ਕਮਾਈ ਦੀ ਵਰਤੋਂ ਉਹਨਾਂ ਗੈਰ-ਮੁਨਾਫ਼ਾ ਸੰਗਠਨਾਂ ਅਤੇ ਸਮਾਜਿਕ ਉੱਦਮਾਂ ਨੂੰ ਮੁੜ-ਵਰਤੋਂ ਯੋਗ ਖਰੀਦਦਾਰੀ ਬੈਗਾਂ ਦਾ ਦਾਨ ਕਰਨ ਲਈ ਵੀ ਵਰਤ ਸਕਦੇ ਹਨ ਜੋ ਆਮਦਨੀ ਦੀ ਅਸਮਾਨਤਾ ਦੁਆਰਾ ਪ੍ਰਭਾਵਿਤ ਵਸਨੀਕਾਂ ਨੂੰ ਪ੍ਰੋਗਰਾਮ ਪੇਸ਼ ਕਰਦੇ ਹਨ।

**ਕੀ ਮੈਂ ਕਾਗਜ਼ੀ ਜਾਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਕੀਮਤ ਵਿੱਚ ਛੋਟ ਦੇ ਸਕਦਾ/ਸਕਦੀ ਹਾਂ ਅਤੇ ਉਹਨਾਂ ਨੂੰ ਆਪਣੇ ਗਾਹਕਾਂ ਨੂੰ ਮੁਫ਼ਤ ਦੇ ਸਕਦਾ/ਸਕਦੀ ਹਾਂ?**

ਨਹੀਂ। ਸਾਰੇ ਨਵੇਂ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਘੱਟੋ-ਘੱਟ ਫ਼ੀਸਾਂ ਲਾਜ਼ਮੀ ਲਈਆਂ ਜਾਣੀਆਂ ਚਾਹੀਦੀਆਂ ਹਨ।
ਇਸ ਨਿਯਮ ਦਾ ਅਪਵਾਦ ਇਹ ਹੈ ਕਿ ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਮੁਫ਼ਤ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਮੁਹੱਈਆ ਕਰਨ ਦੀ ਆਗਿਆ ਹੈ ਜੇ ਉਹ ਪਹਿਲਾਂ ਕਿਸੇ ਗਾਹਕ ਦੁਆਰਾ ਵਰਤੇ ਗਏ ਹਨ ਅਤੇ ਸਟੋਰ 'ਤੇ ਵਾਪਸ ਲਿਆਏ ਜਾਂਦੇ ਹਨ (ਉਦਾਹਰਣ ਲਈ "take-a-bag, leave-a-bag" (ਇੱਕ ਬੈਗ ਲਿਜਾਓ, ਇੱਕ ਬੈਗ ਛੱਡੋ) ਸ਼ਾਪਿੰਗ ਬੈਗ ਸ਼ੇਅਰਿੰਗ ਪ੍ਰੋਗਰਾਮ)।

**ਕੀ ਮੈਂ ਆਪਣੇ ਗਾਹਕਾਂ ਨੂੰ ਉਹਨਾਂ ਦੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਲਿਆਉਣ ਲਈ ਛੋਟ ਦੀ ਪੇਸ਼ਕਸ਼ ਕਰ ਸਕਦਾ/ਸਕਦੀ ਹਾਂ?**

ਹਾਂ। ਹਾਲਾਂਕਿ, ਉਹ ਸੰਗਠਨ ਜੋ ਗਾਹਕਾਂ ਨੂੰ ਆਪਣੇ ਖੁਦ ਦੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਲਿਆਉਣ ਲਈ ਇਨਾਮ ਦੇਣ ਵਾਸਤੇ ਛੋਟ ਦੀ ਪੇਸ਼ਕਸ਼ ਕਰਦੇ ਹਨ ਉਹਨਾਂ ਨੂੰ ਹਾਲੇ ਵੀ ਵੰਡੇ ਗਏ ਸਾਰੇ ਨਵੇਂ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਫ਼ੀਸ ਵਸੂਲ ਕਰਨ ਦੀ ਲੋੜ ਹੈ।

**ਮੈਂ ਆਪਣੇ ਗਾਹਕਾਂ ਨੂੰ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਦੇ ਤਹਿਤ ਕਿਸ ਕਿਸਮ ਦੇ ਕਾਗਜ਼ੀ ਸ਼ਾਪਿੰਗ ਬੈਗ ਵੇਚ ਸਕਦਾ/ਸਕਦੀ ਹਾਂ, ਅਤੇ ਉਹਨਾਂ ਨੂੰ ਕਿਵੇਂ ਲੇਬਲ ਕੀਤਾ ਜਾਣਾ ਚਾਹੀਦਾ ਹੈ?**

ਕਾਗਜ਼ੀ ਸ਼ਾਪਿੰਗ ਬੈਗਾਂ ਵਿੱਚ ਘੱਟੋ-ਘੱਟ 40% ਰੀਸਾਈਕਲ ਕੀਤੀ ਸਮੱਗਰੀ ਲਾਜ਼ਮੀ ਹੋਣੀ ਚਾਹੀਦੀ ਹੈ।

ਬੈਗ ਦੇ ਬਾਹਰ ਸ਼ਬਦਾਂ ਨੂੰ "recyclable" (ਰੀਸਾਈਕਲ ਕਰਨ ਯੋਗ) ਅਤੇ "made of 40% recycled content" (40% ਰੀਸਾਈਕਲ ਕੀਤੀ ਸਮੱਗਰੀ ਦਾ ਬਣਿਆ) ਜਾਂ "made of 40% post-consumer recycled content (ਉਪਭੋਗਤਾ ਤੋਂ ਬਾਅਦ ਦੀ 40% ਰੀਸਾਈਕਲ ਕੀਤੀ ਸਮੱਗਰੀ ਦਾ ਬਣਿਆ)" ਜਾਂ ਜੇ ਲਾਗੂ ਹੁੰਦਾ ਹੈ ਤਾਂ ਵੱਧ ਮਾਤਰਾ ਸ਼ਬਦਾਂ ਨੂੰ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ।

**ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਵਿੱਚ ਕਿਸ ਕਿਸਮ ਦੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਆਗਿਆ ਹੈ?**

ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਘੱਟੋ-ਘੱਟ 100 ਵਾਰ ਵਰਤੇ ਜਾਣ ਦੇ ਸਮਰੱਥ ਹੋਣ ਲਈ ਡਿਜ਼ਾਇਨ ਕੀਤੇ ਅਤੇ ਬਣਾਏ ਜਾਣੇ ਚਾਹੀਦੇ ਹਨ, ਅਤੇ ਮੁੱਖ ਤੌਰ 'ਤੇ ਫੈਬਰਿਕ ਦੇ ਬਣੇ ਹੋਏ ਹੋਣੇ ਚਾਹੀਦੇ ਹਨ (ਜਿਵੇਂ ਸੂਤੀ, ਕੈਨਵਸ, ਜੂਟ, ਬਰਲੈਪ, ਨਾਈਲੋਨ, ਪੋਲਿਅਸਟਰ, ਰੀਸਾਈਕਲ ਕੀਤਾ ਪੌਲੀਥੀਲੀਨ ਟੇਰੇਫਥਲੇਟ, ਬੁਣੇ ਹੋਏ ਅਤੇ ਅਣ-ਬੁਣੇ ਪੋਲੀਪ੍ਰੋਪਾਈਲਿਨ)। ਹੈਲਥ ਕਨੇਡਾ ਮੁੜ-ਵਰਤੋਂ ਯੋਗ ਬੈਗਾਂ ਨੂੰ ਗਰਮ, ਸਾਬਣ ਵਾਲੇ ਪਾਣੀ ਨਾਲ ਧੋਣ ਦੀ ਸਿਫ਼ਾਰਸ਼ ਕਰਦਾ ਹੈ, ਖ਼ਾਸ ਕਰਕੇ ਇਨ੍ਹਾਂ ਨੂੰ ਤਾਜ਼ੇ ਫਲ ਅਤੇ ਸਬਜ਼ੀਆਂ, ਮੀਟ, ਪੋਲਟਰੀ ਅਤੇ ਸਮੁੰਦਰੀ ਭੋਜਨ ਲਿਜਾਉਣ ਲਈ ਵਰਤੇ ਜਾਣ ਤੋਂ ਬਾਅਦ। ਸੁਝਾਏ ਦੁਬਾਰਾ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀਆਂ ਉਦਾਹਰਨਾਂ ਸਾਡੀ ਵੈੱਬਸਾਈਟ vancouver.ca/bags ਅਤੇ ਸਾਡੇ ਸਿੰਗਲ-ਯੂਜ਼ ਆਈਟਮ ਉਪਨਿਯਮ ਗਾਈਡ ਵਿੱਚ ਉਪਲਬਧ ਹਨ।

**ਜੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ 100 ਵਾਰ ਵਰਤੇ ਜਾਣ ਦੇ ਸਮਰੱਥ ਹੋਣ ਲਈ ਤਿਆਰ ਕੀਤੇ ਗਏ ਹਨ, ਪਰ ਮੁੱਖ ਤੌਰ 'ਤੇ ਫੈਬਰਿਕ ਤੋਂ ਨਹੀਂ ਬਣੇ ਹਨ, ਤਾਂ ਕੀ ਉਹ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਦੀ ਲੋੜ ਨੂੰ ਪੂਰਾ ਕਰਦੇ ਹਨ?**

ਨਹੀਂ। ਉਪਨਿਯਮ ਦੀ ਲੋੜ ਹੈ ਕਿ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਮੁੱਖ ਤੌਰ 'ਤੇ ਫੈਬਰਿਕ ਦੇ ਬਣੇ ਹੋਏ ਹੋਣੇ ਚਾਹੀਦੇ ਹਨ (ਜਿਵੇਂ ਸੂਤੀ, ਕੈਨਵਸ, ਜੂਟ, ਬਰਲੈਪ, ਨਾਈਲੋਨ, ਪੋਲਿਅਸਟਰ, ਰੀਸਾਈਕਲ ਕੀਤਾ ਪੌਲੀਥੀਲੀਨ ਟੇਰੇਫਥਲੇਟ, ਬੁਣੇ ਹੋਏ ਅਤੇ ਅਣ-ਬੁਣੇ ਪੋਲੀਪ੍ਰੋਪਾਈਲਿਨ)। ਸੁਝਾਏ ਦੁਬਾਰਾ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀਆਂ ਉਦਾਹਰਨਾਂ ਸਾਡੀ ਵੈੱਬਸਾਈਟ vancouver.ca/bags ਅਤੇ ਸਾਡੇ ਸਿੰਗਲ-ਯੂਜ਼ ਆਈਟਮ ਉਪਨਿਯਮ ਗਾਈਡ ਵਿੱਚ ਉਪਲਬਧ ਹਨ।

**ਕੀ ਵੈਨਕੂਵਰ ਸਿਟੀ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਦੀ ਪਾਲਣਾ ਕਰਨ ਲਈ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਨੂੰ ਪ੍ਰਵਾਨਿਤ ਜਾਂ ਪ੍ਰਮਾਣਿਤ ਕਰਦਾ ਹੈ?**

ਨਹੀਂ। ਇਹ ਕਾਰੋਬਾਰੀ ਲਾਇਸੈਂਸ ਧਾਰਕਾਂ ਅਤੇ ਨਿਰਮਾਤਾਵਾਂ 'ਤੇ ਨਿਰਭਰ ਕਰਦਾ ਹੈ ਕਿ ਉਹਨਾਂ ਦੁਆਰਾ ਵੰਡੇ ਜਾਣ ਵਾਲੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਲਈ ਉਪਨਿਯਮ ਦੀਆਂ ਲੋੜਾਂ ਨੂੰ ਪੂਰਾ ਕਰਨ।

**ਕਾਰੋਬਾਰੀ ਲਾਇਸੈਂਸ ਧਾਰਕਾਂ ਨੂੰ ਆਪਣੀ ਸਾਲਾਨਾ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਵੰਡ ਦੀ ਰਿਪੋਰਟ ਕਰਨ ਲਈ ਕੀ ਕਰਨ ਦੀ ਲੋੜ ਹੈ?**

ਜੇ ਸਿਟੀ ਦੁਆਰਾ ਬੇਨਤੀ ਕੀਤੀ ਜਾਂਦੀ ਹੈ, ਅਤੇ 1 ਜਨਵਰੀ, 2023 ਤੋਂ ਪਹਿਲਾਂ ਨਹੀਂ, ਕਾਰੋਬਾਰਾਂ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਲਈ ਪਿਛਲੇ 12 ਮਹੀਨਿਆਂ ਵਿੱਚ ਵੰਡੇ ਗਏ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਲੋੜ ਬਾਰੇ ਰਿਪੋਰਟ ਦੇਣਾ ਲਾਜ਼ਮੀ ਹੈ। ਜਦੋਂ ਬੇਨਤੀ ਕੀਤੀ ਜਾਵੇਗੀ ਤਾਂ ਸਿਟੀ ਵੰਡੇ ਗਏ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਰਿਪੋਰਟ ਕਰਨ ਲਈ ਨਿਰਦੇਸ਼ ਦੇਵੇਗਾ। ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਕਾਰੋਬਾਰੀ ਲਾਇਸੈਂਸ ਧਾਰਕ ਹਰ ਸਾਲ ਵੰਡੇ ਗਏ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਗਿਣਤੀ ਦਾ ਪਤਾ ਲਗਾਉਣ ਲਈ ਇੱਕ ਸਿਸਟਮ ਸਥਾਪਿਤ ਕਰਨ। ਉਦਾਹਰਨਾਂ ਵਿੱਚ ਸ਼ਾਮਲ ਹਨ ਇਲੈਕਟ੍ਰਾਨਿਕ ਪੁਆਇੰਟ ਆਫ ਸੇਲ (POS)ਸਿਸਟਮ, ਜਾਂ ਸਾਲ ਦੇ ਸ਼ੁਰੂ ਅਤੇ ਅੰਤ ਵਿੱਚ ਆਪਣੀ ਬੈਗਾਂ ਦੀ ਇਨਵੈਂਟਰੀ ਦੀ ਗਿਣਤੀ ਕਰਨਾ।

**ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਵਿੱਚ ਕਿਸ ਕਿਸਮ ਦੇ ਬੈਗਾਂ ਤੋਂ ਛੋਟ ਹੈ?**

ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਇਸ ਤੋਂ ਛੋਟ ਦਿੰਦਾ ਹੈ:

- ਪ੍ਰਿਸਕ੍ਰਿਪਸ਼ਨ ਦਵਾਈਆਂ ਲਈ ਵਰਤੇ ਜਾਂਦੇ ਕਾਗਜ਼ੀ ਅਤੇ ਨਵੇਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ
- ਰਜਿਸਟਰਡ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ ਦੁਆਰਾ ਮੁਫ਼ਤ ਜਾਂ ਘੱਟ ਕੀਮਤ 'ਤੇ ਭੋਜਨ ਮੁਹੱਈਆ ਕਰਾਉਣ ਲਈ ਵਰਤੇ ਜਾਂਦੇ ਕਾਗਜ਼ੀ ਅਤੇ ਨਵੇਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ
- "ਬੈਗ-ਸ਼ੇਅਰ" ਜਾਂ "ਟੇਕ-ਏ-ਬੈਗ, ਲੀਵ-ਏ-ਬੈਗ" ਪ੍ਰੋਗਰਾਮ ਜਿੱਥੇ ਕਾਗਜ਼ੀ ਜਾਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਕਿਸੇ ਗਾਹਕ ਦੁਆਰਾ ਘੱਟੋ-ਘੱਟ ਇੱਕ ਵਾਰ ਪਹਿਲਾਂ ਹੀ ਵਰਤਿਆ ਜਾ ਚੁੱਕਾ ਹੈ ਅਤੇ ਦੂਜੇ ਗਾਹਕਾਂ ਦੁਆਰਾ ਦੁਬਾਰਾ ਵਰਤਿਆ ਜਾਂਦਾ ਹੈ
- ਛੋਟੇ ਕਾਗਜ਼ੀ ਬੈਗ (ਫਲੈਟ ਹੋਣ 'ਤੇ 15 ਸੈਮੀ x 20 ਸੈਮੀ ਤੋਂ ਘੱਟ)
- ਚਾਦਰਾਂ, ਬਿਸਤਰੇ ਜਾਂ ਹੋਰ ਅਜਿਹੀਆਂ ਵੱਡੀਆਂ ਚੀਜ਼ਾਂ, ਜੋ ਆਸਾਨੀ ਨਾਲ ਕਾਗਜ਼ੀ ਦੇ ਜਾਂ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਵਿੱਚ ਨਹੀਂ ਆ ਸਕਦੀਆਂ ਹਨ, ਦੀ ਢੋਆ-ਢੁਆਈ ਲਈ ਵਰਤੇ ਜਾਂਦੇ ਵੱਡੇ ਸ਼ਾਪਿੰਗ ਬੈਗ
- ਨਾਲ ਹੀ, ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਇਹਨਾਂ 'ਤੇ ਲਾਗੂ ਨਹੀਂ ਹੁੰਦਾ:
- ਉਹ ਬੈਗ ਜੋ ਸ਼ਾਪਿੰਗ ਬੈਗ ਨਹੀਂ ਹਨ, ਜਿਵੇਂ ਕਿ ਤਾਜ਼ਾ ਸਬਜ਼ੀਆਂ ਅਤੇ ਫਲਾਂ ਦੇ ਬੈਗ, ਵੱਡੀ ਮਾਤਰਾ ਵਿੱਚ ਭੋਜਨ ਪਦਾਰਥਾਂ ਦੇ ਬੈਗ, ਮੀਟ ਜਾਂ ਮੱਛੀ ਨੂੰ ਰੱਖਣ ਜਾਂ ਲਪੇਟਣ ਲਈ ਬੈਗ, ਬੇਕ ਕੀਤੀਆਂ ਚੀਜ਼ਾਂ ਲਈ ਬੈਗ, ਖੁੱਲ੍ਹੇ ਹਾਰਡਵੇਅਰ ਲਈ ਬੈਗ, ਡ੍ਰਾਈ ਕਲੀਨਿੰਗ ਦੇ ਬੈਗ, ਮਰੀਜ਼ਾਂ ਦਾ ਸਮਾਨ ਰੱਖਣ ਲਈ ਵਰਤੇ ਜਾਂਦੇ ਹਸਪਤਾਲ ਦੇ ਬੈਗ ਆਦਿ।
- ਨਿੱਜੀ ਵਰਤੋਂ ਲਈ ਵੇਚੇ ਗਏ ਘੱਟੋ-ਘੱਟ ਪੰਜ ਬੈਗਾਂ ਦੇ ਪੈਕੇਜ, ਜਿਵੇਂ ਕਿ ਕੂੜਾ ਕਰਕਟ ਲਈ ਬੈਗ, ਡੱਬਿਆਂ ਦੇ ਲਾਈਨਰ ਅਤੇ ਪਾਲਤੂ ਜਾਨਵਰਾਂ ਦੇ ਕਚਰੇ ਦੇ ਬੈਗ
- ਵਧੇਰੇ ਜਾਣਕਾਰੀ ਲਈ, ਸਾਡੀ ਵੈੱਬਸਾਈਟ vancouver.ca/bags 'ਤੇ ਜਾਓ ਜਾਂ ਸਾਡੀ ਸਿੰਗਲ-ਯੂਜ਼ ਆਈਟਮ ਉਪਨਿਯਮ ਬਾਰੇ ਗਾਈਡ ਦੇਖੋ।

**ਕੀ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਲਈ ਖਰੀਦਦਾਰੀ ਬੈਗ ਦੇ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ?**

ਹਾਂ। ਰਜਿਸਟਰਡ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ ਸਮੇਤ, ਉਹ ਸਾਰੇ ਸੰਗਠਨ ਜਿਨ੍ਹਾਂ ਨੂੰ ਵੈਨਕੂਵਰ ਦੇ ਲਾਇਸੈਂਸ ਉਪਨਿਯਮ ਨੰਬਰ 4450 ਦੇ ਤਹਿਤ ਵਪਾਰਕ ਲਾਇਸੈਂਸ ਰੱਖਣ ਦੀ ਲੋੜ ਹੈ, ਲਈ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ। ਹਾਲਾਂਕਿ, ਰਜਿਸਟਰਡ ਚੈਰੀਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ ਨੂੰ ਚੈਰੀਟੇਬਲ ਭੋਜਨ ਸੇਵਾਵਾਂ ਮੁਹੱਈਆ ਕਰਾਉਣ ਲਈ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ 'ਤੇ ਫ਼ੀਸਾਂ ਵਸੂਲ ਕਰਨ, ਜਾਂ ਇਸ ਉਦੇਸ਼ ਲਈ ਵਰਤੇ ਜਾਂਦੇ ਬੈਗਾਂ ਦੀ ਗਿਣਤੀ ਦੀ ਰਿਪੋਰਟ ਕਰਨ ਤੋਂ ਛੋਟ ਹੈ। ਚੈਰੀਟੇਬਲ ਭੋਜਨ ਸੇਵਾਵਾਂ ਦਾ ਮਤਲਬ ਹੈ ਕਿਸੇ ਸੰਗਠਨ ਦੁਆਰਾ ਮੁਫ਼ਤ ਜਾਂ ਘੱਟ ਕੀਮਤ 'ਤੇ ਭੋਜਨ ਮੁਹੱਈਆ ਕਰਨਾ ਜੋ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੈ ਅਤੇ ਚੰਗੀ ਸਥਿਤੀ[1] ਵਿੱਚ ਹੈ, ਜਾਂ ਫੈਡਰਲ ਇਨਕਮ ਟੈਕਸ ਕਾਨੂੰਨ ਦੇ ਅਧੀਨ ਇੱਕ ਚੈਰੀਟੇਬਲ ਸੰਗਠਨ ਵਜੋਂ ਰਜਿਸਟਰਡ ਹੈ।

<u>ਧਿਆਨ ਦਿਓ:</u> *ਕੋਵਿਡ-19 ਦੇ ਦੌਰਾਨ, ਚੈਰੀਟੇਬਲ ਭੋਜਨ ਸੇਵਾਵਾਂ ਸ਼ਾਪਿੰਗ ਬੈਗਾਂ ਸਮੇਤ, ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਦੀ ਵੰਡ ਕਰਨਾ ਜਾਰੀ ਰੱਖ ਸਕਦੀਆਂ ਹਨ, ਪਰ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਿੰਨੀ ਜਲਦੀ ਸੰਭਵ ਹੋ ਸਕੇ ਉਪਨਿਯਮਾਂ ਦੀ ਪਾਲਣਾ ਕਰਨ ਵੱਲ ਕੰਮ ਕਰਨਾ ਸ਼ੁਰੂ ਕਰਨ।*

[1] ਚੈਰੀਟੇਬਲ ਭੋਜਨ ਸੇਵਾਵਾਂ ਦੀ ਛੋਟ ਲਈ ਯੋਗ ਬਣਨ ਵਾਸਤੇ ਲਾਜ਼ਮੀ ਹੈ ਕਿ ਸੰਗਠਨ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੋਣ ਅਤੇ ਚੰਗੀ ਸਥਿਤੀ ਵਿੱਚ ਹੋਣ, ਜਾਂ ਫੈਡਰਲ ਇਨਕਮ ਟੈਕਸ ਐਕਟ ਦੇ ਅਧੀਨ ਇੱਕ ਚੈਰੀਟੇਬਲ ਸੰਗਠਨ ਵਜੋਂ ਰਜਿਸਟਰਡ ਹੋਣ।

**ਕੀ ਫੂਡ ਡਿਲੀਵਰੀ ਸੇਵਾਵਾਂ ਨੂੰ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਦੀ ਪਾਲਣਾ ਕਰਨ ਦੀ ਲੋੜ ਹੈ?**

ਉਹ ਸਾਰੇ ਸੰਗਠਨ ਜਿਨ੍ਹਾਂ ਨੂੰ ਵੈਨਕੂਵਰ ਦੇ ਲਾਇਸੈਂਸ ਉਪਨਿਯਮ ਨੰਬਰ 4450 ਦੇ ਤਹਿਤ ਵਪਾਰਕ ਲਾਇਸੈਂਸ ਰੱਖਣ ਦੀ ਲੋੜ ਹੈ, ਲਈ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ। ਉਪਨਿਯਮ ਵੈਨਕੂਵਰ ਵਿੱਚ ਭੋਜਨ ਡਿਲੀਵਰ ਕਰਨ ਲਈ ਵਰਤੇ ਜਾਣ ਵਾਲੇ ਬੈਗਾਂ 'ਤੇ ਲਾਗੂ ਹੁੰਦਾ ਹੈ, ਭਾਵੇਂ ਬੈਗ ਫੂਡ ਡਿਲਿਵਰੀ ਸੇਵਾ ਦੁਆਰਾ ਸਪਲਾਈ ਕੀਤਾ ਜਾਂਦਾ ਹੈ ਜਾਂ ਭੋਜਨ ਵਿਕ੍ਰੇਤਾ ਦੁਆਰਾ। ਸਾਰੇ ਫੂਡ ਡਿਲਿਵਰੀ ਸੇਵਾ ਪ੍ਰਦਾਨਕਾਂ ਨੂੰ ਆਪਣੇ ਆਨਲਾਈਨ, ਮੋਬਾਈਲ ਅਤੇ ਟੈਲੀਫੋਨ ਆਰਡਰਿੰਗ ਪਲੇਟਫਾਰਮਾਂ ਨੂੰ ਅੱਪਡੇਟ ਕਰਨਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਭੋਜਨ ਡਿਲਿਵਰੀ ਆਰਡਰਾਂ ਨਾਲ ਪ੍ਰਦਾਨ ਕੀਤੇ ਗਏ ਕਿਸੇ ਵੀ ਕਾਗਜ਼ੀ ਅਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ 'ਤੇ ਘੱਟੋ-ਘੱਟ ਫ਼ੀਸਾਂ ਲਈਆਂ ਜਾਂਦੀਆਂ ਹਨ।

**ਸਿਟੀ ਸ਼ਾਪਿੰਗ ਬੈਗਾਂ ਬਾਰੇ ਉਪਨਿਯਮ ਨੂੰ ਕਿਵੇਂ ਲਾਗੂ ਕਰੇਗੀ?**

ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਕਾਰਨ, ਸਿਟੀ ਦਾ ਸਟਾਫ਼ ਪਹੁੰਚ ਕਰਨ ਅਤੇ ਸਿੱਖਿਆ ਦੇਣ ਨੂੰ ਪਹਿਲ ਦੇ ਰਿਹਾ ਹੈ ਜਿਸ ਨਾਲ ਇਹ ਪੱਕਾ ਕੀਤਾ ਜਾ ਸਕੇ ਕਿ ਕਾਰੋਬਾਰਾਂ ਕੋਲ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮਾਂ ਦੀ ਪਾਲਣਾ ਕਰਨ ਲਈ ਉਹ ਸਹਾਇਤਾ ਹੋਵੇ ਜਿਸਦੀ ਉਹਨਾਂ ਨੂੰ ਲੋੜ ਹੈ। ਜੇ ਕੋਈ ਕਾਰੋਬਾਰ ਲਾਗੂ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮ ਦੀ ਪਾਲਣਾ ਨਾ ਕਰਦਾ ਹੋਇਆ ਪਾਇਆ ਜਾਂਦਾ ਹੈ, ਤਾਂ ਸਿਟੀ ਦੀ ਸ਼ੁਰੂਆਤੀ ਕਾਰਵਾਈਆਂ ਪਾਲਣਾ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਸਿੱਖਿਆ, ਪਹੁੰਚ ਅਤੇ ਸਹਾਇਤਾ 'ਤੇ ਕੇਂਦ੍ਰਿਤ ਹੋਣਗੀਆਂ। ਪਾਲਣਾ ਪ੍ਰਾਪਤ ਕਰਨ ਲਈ ਇਹਨਾਂ ਸ਼ੁਰੂਆਤੀ ਵਿਦਿਅਕ ਕਾਰਵਾਈਆਂ ਦੇ ਬਾਅਦ, ਪਾਲਣਾ ਨਾ ਕਰਨ ਵਾਲੇ ਆਪਰੇਟਰਾਂ 'ਤੇ ਧਿਆਨ ਦੇਣ ਲਈ ਲਾਗੂਕਰਣ ਦੇ ਵਧੇ ਹੋਏ ਪੱਧਰਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਲਾਗੂ ਕਰਨ ਵਿੱਚ ਟਿਕਟਾਂ ਜਾਰੀ ਕਰਨਾ ਸ਼ਾਮਲ ਹੋ ਸਕਦਾ ਹੈ, ਜਿਨ੍ਹਾਂ 'ਤੇ ਪ੍ਰਤੀ ਅਪਰਾਧ $500 ਜੁਰਮਾਨਾ ਹੁੰਦਾ ਹੈ, ਜਾਂ ਸੂਬਾਈ ਅਦਾਲਤ ਵਿੱਚ ਹੋਰ ਮੁਕੱਦਮਾ ਕੀਤਾ ਜਾ ਸਕਦਾ ਹੈ ਜੋ ਕਿ ਪ੍ਰਤੀ ਅਪਰਾਧ ਵੱਧ ਤੋਂ ਵੱਧ $10,000 ਜੁਰਮਾਨੇ ਦੇ ਅਧੀਨ ਹੋ ਸਕਦਾ ਹੈ। ਨਿਰੰਤਰ ਗੈਰ-ਪਾਲਣਾ ਦੇ ਨਤੀਜੇ ਵਜੋਂ ਕਾਰੋਬਾਰ ਦਾ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ, ਜਾਂ ਕਾਰੋਬਾਰ ਦੇ ਲਾਇਸੈਂਸ ਨੂੰ ਰੱਦ ਕਰਨ ਲਈ ਸਿਫ਼ਾਰਿਸ਼ਾਂ ਕੀਤੀਆਂ ਜਾ ਸਕਦੀਆਂ ਹਨ।

ਲਾਗੂਕਰਣ ਬਾਰੇ ਨਵੀਨਤਮ ਅੱਪਡੇਟਾਂ ਲਈ, vancouver.ca/reduce-single-use 'ਤੇ ਜਾਓ

**ਇੱਕ ਵਾਰ ਉਪਨਿਯਮ ਦੇ ਲਾਗੂ ਹੋ ਜਾਣ 'ਤੇ ਕੀ ਕੋਈ ਗ੍ਰੇਸ ਮਿਆਦ ਹੋਵੇਗੀ ਜਿੱਥੇ ਕਾਰੋਬਾਰ ਆਪਣੇ ਪਲਾਸਟਿਕ ਸ਼ਾਪਿੰਗ ਬੈਗਾਂ ਅਤੇ ਗੈਰ-ਅਨੁਕੂਲ ਕਾਗਜ਼ੀ ਸ਼ਾਪਿੰਗ ਬੈਗਾਂ ਦੇ ਬਾਕੀ ਰਹਿੰਦੇ ਸਟਾਕ ਦੀ ਵਰਤੋਂ ਕਰ ਸਕਦੇ ਹਨ?**

ਨਹੀਂ, ਇਹਨਾਂ ਚੀਜ਼ਾਂ ਦਾ ਆਪਣਾ ਬਾਕੀ ਬਚਿਆ ਸਟਾਕ ਉਪਨਿਯਮ ਲਾਗੂ ਹੋਣ ਤੋਂ ਪਹਿਲਾਂ ਵਰਤ ਲਵੋ, ਵੇਚੋ ਜਾਂ ਦਾਨ ਕਰੋ।

**ਉਪਨਿਯਮ ਲਾਗੂ ਹੋਣ ਤੋਂ ਬਾਅਦ ਮੈਨੂੰ ਪਲਾਸਟਿਕ ਜਾਂ ਗੈਰ-ਅਨੁਕੂਲ ਕਾਗਜ਼ੀ ਸ਼ਾਪਿੰਗ ਬੈਗਾਂ ਦੇ ਕਿਸੇ ਵੀ ਬਚੇ ਸਟਾਕ ਦਾ ਕੀ ਕਰਨਾ ਚਾਹੀਦਾ ਹੈ?**

ਕੋਈ ਵੀ ਬਾਕੀ ਬਚੇ ਪਲਾਸਟਿਕ ਸ਼ਾਪਿੰਗ ਬੈਗ:

- ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਦਾਨ ਕੀਤੇ ਜਾ ਸਕਦੇ ਹਨ (ਜੇ ਉਹ ਪਲਾਸਟਿਕ ਬੈਗ ਦਾਨ ਸਵੀਕਾਰ ਕਰ ਰਹੇ ਹਨ)। ਚੈਰੀਟੇਬਲ ਸੰਗਠਨ ਕਈ ਵਾਰ ਖਾਲੀ ਪਲਾਸਟਿਕ ਦੇ ਸ਼ਾਪਿੰਗ ਬੈਗ ਆਮਦਨੀ ਵਿੱਚ ਅਸਮਾਨਤਾ ਤੋਂ ਪ੍ਰਭਾਵਿਤ ਵਸਨੀਕਾਂ ਨੂੰ ਵੱਖ-ਵੱਖ ਕੰਮਾਂ ਲਈ ਮੁਹੱਈਆ ਕਰਵਾਉਂਦੇ ਹਨ, ਜਿਵੇਂ ਕਿ ਕੂੜੇਦਾਨ ਦੇ ਅੰਦਰ ਲਗਾਉਣ ਲਈ ਜਾਂ ਜੁੱਤਿਆਂ ਨੂੰ ਵਧੇਰੇ ਵਾਟਰਪ੍ਰੂਫ ਬਣਾਉਣ ਲਈ।
- ਹੋਰ ਅਧਿਕਾਰ ਖੇਤਰਾਂ ਵਿੱਚ ਕਾਰੋਬਾਰਾਂ ਨੂੰ ਵੇਚੇ ਜਾ ਸਕਦੇ ਹਨ ਜੋ ਇਸ ਕਿਸਮ ਦੇ ਸ਼ਾਪਿੰਗ ਬੈਗਾਂ 'ਤੇ ਪਾਬੰਦੀ ਨਹੀਂ ਲਗਾਉਂਦੇ ਹਨ।

**ਕੀ COVID-19 ਮਹਾਂਮਾਰੀ ਦੇ ਦੌਰਾਨ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਦੀ ਆਗਿਆ ਹੈ?**

ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਅਤੇ ਵੈਨਕੂਵਰ ਕੋਸਟਲ ਹੈਲਥ ਦੀਆਂ ਵਰਤਮਾਨ ਸੇਧਾਂ ਦੇ ਤਹਿਤ, ਵਿਕ੍ਰੇਤਾ COVID-19 ਮਹਾਂਮਾਰੀ ਦੌਰਾਨ ਮੁੜ-ਵਰਤੋਂ ਯੋਗ ਕੱਪ ਮੁਹੱਈਆ ਕਰਵਾ ਸਕਦੇ ਹਨ ਅਤੇ ਗਾਹਕਾਂ ਦੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਨੂੰ ਸਵੀਕਾਰ ਕਰ ਸਕਦੇ ਹਨ, ਬਸ਼ਰਤੇ ਭੋਜਨ ਵਿਕ੍ਰੇਤਾ ਆਪਣੀ ਸਟੋਰ ਨੀਤੀ ਨੂੰ ਦਰਜ ਕਰਦੇ ਹਨ ਅਤੇ ਲੋੜੀਂਦੇ ਰੋਕਥਾਮ ਉਪਾਵਾਂ ਦੀ ਪਾਲਣਾ ਕਰਦੇ ਹਨ। ਤਾਜ਼ਾ COVID-19 ਸਿਹਤ ਸੰਬੰਧੀ ਲੋੜਾਂ ਲਈ, ਕਿਰਪਾ ਕਰਕੇ ਇਸ ਦਸਤਾਵੇਜ਼ ਦੇ ਪਹਿਲੇ ਪੰਨੇ 'ਤੇ ਹੇਠਾਂ ਦਿੱਤੇ ਸੰਗਠਨਾਂ ਨੂੰ ਵੇਖੋ।

**COVID-19 ਮਹਾਂਮਾਰੀ ਦੇ ਦੌਰਾਨ ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਗਾਹਕਾਂ ਦੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਸਵੀਕਾਰ ਕਰ ਸਕਦੇ ਹਨ?**

ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਨੂੰ ਸਵੀਕਾਰ ਕਰਨ ਲਈ ਰੋਕਥਾਮ ਉਪਾਅ ਪ੍ਰਦਾਨ ਕਰਦਾ ਹੈ, ਜਿਵੇਂ ਕਿ ਜ਼ਿਆਦਾ ਛੂਹੀਆਂ ਜਾਣ ਵਾਲੀਆਂ ਥਾਵਾਂ 'ਤੇ ਵਧਾਈ ਗਈ ਸਫਾਈ ਅਤੇ ਸੈਨੀਟਾਈਜ਼ਿੰਗ, ਅਤੇ ਗਾਹਕਾਂ ਤੋਂ ਪ੍ਰਾਪਤ ਹੋਈਆਂ ਮੁੜ ਵਰਤੋਂ ਯੋਗ ਚੀਜ਼ਾਂ ਨੂੰ ਹੱਥ ਲਾਉਣ ਤੋਂ ਬਾਅਦ ਸਟਾਫ ਦੁਆਰਾ ਆਪਣੇ ਹੱਥ ਧੋਣੇ। ਵਧੇਰੇ ਜਾਣਕਾਰੀ ਲਈ ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਦੀ ਭੋਜਨ ਪਦਾਰਥਾਂ ਦੇ ਕਾਰੋਬਾਰ ਸੰਬੰਧੀ ਵੈੱਬ ਪੇਜ 'ਤੇ ਜਾਓ।

**ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਇਹ ਕਿਵੇਂ ਯਕੀਨੀ ਬਣਾ ਸਕਦੇ ਹਨ ਕਿ "ਟੇਕ-ਏ-ਬੈਗ, ਲੀਵ-ਏ-ਬੈਗ" ਜਾਂ "ਬੈਗ ਸ਼ੇਅਰਿੰਗ" ਪ੍ਰੋਗਰਾਮਾਂ ਰਾਹੀਂ ਪੇਸ਼ ਕੀਤੇ ਬੈਗ ਸਾਫ ਹਨ?**

ਇਹ ਯਕੀਨੀ ਬਣਾਉਣ ਲਈ ਵੈਨਕੂਵਰ ਕੋਸਟਲ ਹੈਲਥ ਦੇ ਨਾਲ ਕੰਮ ਕਰੋ ਕਿ ਬੈਗ-ਸ਼ੇਅਰਿੰਗ ਪ੍ਰੋਗਰਾਮਾਂ ਦੁਆਰਾ ਇਕੱਤਰ ਕੀਤੇ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗਾਂ ਨੂੰ ਗਾਹਕਾਂ ਦੁਆਰਾ ਦੁਬਾਰਾ ਵਰਤੇ ਜਾਣ ਤੋਂ ਪਹਿਲਾਂ ਤੁਹਾਡੀ ਸਫਾਈ ਯੋਜਨਾ ਦੇ ਅੰਦਰ ਪ੍ਰਭਾਵੀ ਤੌਰ 'ਤੇ ਸਾਫ਼ ਅਤੇ ਸੈਨੀਟਾਈਜ਼ ਕੀਤਾ ਜਾਂਦਾ ਹੈ। ਇਸਦਾ ਅਰਥ ਹੈ ਕਿ ਮੁੜ-ਵਰਤੋਂ ਯੋਗ ਬੈਗ ਧੋਣ ਯੋਗ ਹੋਣੇ ਚਾਹੀਦੇ ਹਨ ਜਾਂ ਅਜਿਹੀ ਸਮੱਗਰੀ ਤੋਂ ਬਣਾਏ ਜਾਣੇ ਚਾਹੀਦੇ ਹਨ ਜਿਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਗਾਣੂ-ਮੁਕਤ ਕੀਤਾ ਜਾ ਸਕਦਾ ਹੈ।

**ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਆਪਣੇ ਗਾਹਕਾਂ ਨੂੰ ਸਾਫ਼ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਲਿਆਉਣ ਲਈ ਕਿਵੇਂ ਉਤਸ਼ਾਹਿਤ ਕਰ ਸਕਦੇ ਹਨ?**

ਸਾਡੀ ਉਪਨਿਯਮ ਟੂਲਕਿੱਟ ਵਿੱਚ ਗਾਹਕਾਂ ਨੂੰ ਸਾਫ਼ ਮੁੜ-ਵਰਤੋਂ ਯੋਗ ਸ਼ਾਪਿੰਗ ਬੈਗ ਲਿਆਉਣ ਲਈ ਉਤਸ਼ਾਹਿਤ ਕਰਨ ਵਾਸਤੇ ਇੱਕ ਪੋਸਟਰ ਸ਼ਾਮਲ ਹੈ, ਜਿਸ ਵਿੱਚ ਹੈਲਥ ਕਨੇਡਾ ਤੋਂ ਸਫਾਈ ਦੇ ਸੁਝਾਅ ਸ਼ਾਮਲ ਹਨ। ਇਹਨਾਂ ਸਰੋਤਾਂ ਨੂੰ ਡਾਊਨਲੋਡ ਕਰਨ ਲਈ **vancouver.ca/bags** 'ਤੇ ਜਾਓ।